<u>ਆਮ ਪੁੱਛੇ ਜਾਣ ਵਾਲੇ ਸੁਆਲ – ਪੀਏਸੀਐੱਲ ਲਿ. ਦੇ ਮਾਮਲੇ ਵਿੱਚ</u>

<u>ਪਿਛੋਕੜ:</u>

1. ਪੀਏਸੀਐੱਲ ਲਿ., (ਪੀਏਸੀਐੱਲ) ਦੀ ਅਤੇ ਕਥਿਤ ਤੌਰ ਤੇ ਭਿੰਨ-ਭਿੰਨ ਸਮੂਹਕ ਨਿਵੇਸ਼ ਸਕੀਮਾਂ (ਸੀਆਈਐੱਸ) ਦੇ ਜ਼ਰੀਏ ਪ੍ਰਾਪਤ ਕੀਤੀ ਗਈ ਰਕਮ ਦੀ ਕੁੱਲ ਰੁ. 49000 ਕਰੋੜ (ਲਗਭਗ) ਦੀ ਦੇਣਦਾਰੀ ਬਣਦੀ ਸੀ। ਮਿਤੀ 22 ਅਗਸਤ 2014 ਦੇ ਸੇਬੀ ਦੇ ਆਦੇਸ਼ ਦੇ ਮੁਤਾਬਕ ਪੀਏਸੀਐੱਲ ਦੀ ਸਕੀਮ ਨੂੰ ਸੀਆਈਐੱਸ ਪ੍ਰਕਿਰਤੀ ਦੀ ਮੰਨਿਆ ਗਿਆ ਹੈ ਅਤੇ ਹੋਰ ਗੱਲਾਂ ਤੋਂ ਇਲਾਵਾ, ਇਹ ਨਿਰਦੇਸ਼ ਦਿੱਤਾ ਹੈ ਕਿ ਪ੍ਰਤੀਫਲ ਸਮੇਤ ਜੋ ਕਿ ਇਸ ਦੇ ਗਾਹਕਾਂ ਨੂੰ ਦੇਣਯੋਗ ਹੈ, ਇਕੱਤਰ ਕੀਤੀ ਰਕਮ ਨੂੰ ਤਿੰਨ ਮਹੀਨਿਆਂ ਦੀ ਅਵਧੀ ਦੇ ਅੰਦਰ ਉਨ੍ਹਾਂ ਨੂੰ ਵਾਪਸ ਦਿੱਤਾ ਜਾਣਾ ਚਾਹੀਦਾ ਹੈ।

2. ਪੀਏਸੀਐੱਲ ਦੇ ਪ੍ਰਚਾਰਕਾਂ/ਨਿਰਦੇਸ਼ਕਾਂ ਦੁਆਰਾ ਸਤਿਕਾਰਯੋਗ ਸਕੱਤਰ ਅਪੀਲੀ ਅਦਾਲਤ (ਐੱਸਏਟੀ) ਦੇ ਸਾਮ੍ਹਣੇ ਅਪੀਲ ਦਰਜ ਕੀਤੀ ਗਈ ਜਿਸ ਨੇ ਉਨ੍ਹਾਂ ਦੀਆਂ ਅਪੀਲਾਂ ਨੂੰ ਖਾਰਿਜ ਕਰ ਦਿੱਤਾ ਅਤੇ ਸੇਬੀ ਦੇ ਆਦੇਸ਼ ਨੂੰ ਬਰਕਰਾਰ ਰੱਖਿਆ। ਮਿਤੀ 14 ਅਗਸਤ 2015 ਦੇ ਆਦੇਸ਼ ਨਾਲ ਅਸੰਤੁਸ਼ਟ ਹੁੰਦੇ ਹੋਏ, ਐੱਸਏਟੀ ਦੇ ਆਦੇਸ਼ ਦੀ ਉਲੰਘਣਾ ਕਰਦੇ ਹੋਏ ਸਤਿਕਾਰਯੋਗ ਉੱਚ ਅਦਾਲਤ ਦੇ ਸਾਮ੍ਹਣੇ ਅਪੀਲ ਦਰਜ ਕੀਤੀ ਗਈ।

3. ਮਿਤੀ 02 ਫਰਵਰੀ 2016 ਦੇ ਪੀਏਸੀਐੱਲ ਲਿਮਿਟੇਡ ਬਨਾਮ ਭਾਰਤੀ ਪ੍ਰਤੀਭੂਤੀ ਅਤੇ ਨਿਯਾਮਕ ਬੋਰਡ ਅਤੇ ਹੋਰਾਂ ਦੇ ਵਿਸ਼ੇ ਵਿੱਚ (ਸਿਵਿਲ ਅਪੀਲ ਸੰਖਿਆ 13394/2015) ਸਤਿਕਾਰਯੋਗ ਉੱਚ ਅਦਾਲਤ ਨੇ ਆਪਣੇ ਆਦੇਸ਼ ਦੇ ਤਹਿਤ ਸਤਿਕਾਰਯੋਗ ਸ਼੍ਰੀਮਾਨ ਜਸਟਿਸ (ਰਿਟ.) ਆਰ.ਐੱਮ. ਲੋਧਾ (ਭਾਰਤ ਦੇ ਪੂਰਵ ਚੀਫ ਜਸਟਿਸ) ਦੀ ਪ੍ਰਧਾਨਗੀ ਦੇ ਤਹਿਤ ਇੱਕ ਸਮਿਤੀ ਗਠਿਤ ਕਰਨ ਦਾ ਆਦੇਸ਼ ਦਿੱਤਾ ਹੈ, ਜਿਸ ਵਿੱਚ ਸਮਿਤੀ ਨੂੰ ਪੀਏਸੀਐੱਲ ਦੀ ਮਲਕੀਅਤ ਦਾ ਹੱਕ ਆਪਣੇ ਹੱਥ ਵਿੱਚ ਲੈਣ ਲਈ ਸ਼ਕਤੀ ਪ੍ਰਦਾਨ ਕੀਤੀ ਗਈ ਹੈ ਤਾਂ ਕਿ ਕੰਪਨੀ ਦੀ ਸੰਪੱਤੀ ਦੀ ਵਿਕਰੀ ਕਰਕੇ ਪੀਏਸੀਐੱਲ ਦੇ ਗਾਹਕਾਂ ਨੂੰ ਵਾਪਸ ਕੀਤੀ ਜਾ ਸਕੇ।

4. ਇਸ ਦੇ ਮੁਤਾਬਕ, ਸਮਿਤੀ ਦੁਆਰਾ ਪੀਏਸੀਐੱਲ ਦੀ ਸੰਪੱਤੀ ਦੇ ਦਸਤਾਵੇਜ਼ਾਂ ਨੂੰ ਸੀਬੀਆਈ ਤੋਂ ਪ੍ਰਾਪਤ ਕੀਤੇ ਜਾਣ ਦੀ ਪਰਕਿਰਿਆ ਸ਼ੁਰੂ ਕੀਤੀ ਗਈ ਹੈ ਤਾਂ ਕਿ ਪੀਏਸੀਐੱਲ ਦੇ ਗਾਹਕਾਂ, ਜਿਨ੍ਹਾਂ ਨੇ ਪੀਏਸੀਐੱਲ ਲਿਮਿਟੇਡ ਦੀਆਂ ਭਿੰਨ-ਭਿੰਨ ਸਕੀਮਾਂ ਵਿੱਚ ਨਿਵੇਸ਼ ਕੀਤਾ ਹੈ, ਦੀ ਵਾਸਤਵਿਕਤਾ ਦੇ ਪੁਸ਼ਟੀਕਰਨ ਤੋਂ ਬਾਅਦ, ਉਨ੍ਹਾਂ ਦੀ ਰਕਮ ਨੂੰ ਵਾਪਸ ਕਰਨ ਲਈ ਸੰਪੱਤੀਆਂ ਦੀ ਵਿਕਰੀ ਕੀਤੀ ਜਾ ਸਕੇ। ਇਸ ਦੇ ਦੌਰਾਨ, ਪੀਏਸੀਐੱਲ ਦੇ ਗਾਹਕਾਂ ਨੂੰ ਸਮਾਜਕ ਨੋਟਿਸ ਦੇ ਜ਼ਰੀਏ ਸੂਚਿਤ ਕੀਤਾ ਜਾਂਦਾ ਹੈ ਅਤੇ ਹੇਠਾਂ ਮੁਤਾਬਕ ਸਲਾਹ ਦਿੱਤੀ ਜਾਂਦੀ ਹੈ:

   (i) ਸਮਿਤੀ ਦੁਆਰਾ ਇਸ ਦੇ ਸਬੰਧ ਵਿੱਚ ਅੱਗੇ ਸੂਚਨਾ ਦਿੱਤੇ ਜਾਣ ਤਕ, ਪੀਏਸੀਐੱਲ ਲਿਮਿਟੇਡ ਨੂੰ ਪੀਏਸੀਐੱਲ ਲਿਮਿਟੇਡ ਜਾਂ ਕਿਸੇ ਹੋਰ ਵਿਅਕਤੀ ਦੀਆਂ ਸਕੀਮਾਂ ਵਿੱਚ ਆਪਣੇ ਨਿਵੇਸ਼ ਦੇ ਰਿਕਾਰਡ/ਦਸਤਾਵੇਜ਼ਾਂ ਨੂੰ ਨਾ ਦਿਓ ਅਤੇ/ਜਾਂ ਸਾਂਝਾ ਨਾ ਕਰੋ; ਅਤੇ

   (ii) ਪੀਏਸੀਐੱਲ ਲਿਮਿਟੇਡ ਵਿੱਚ ਕੋਈ ਨਵਾਂ ਨਿਵੇਸ਼ ਨਾ ਕਰੋ ਜਾਂ ਇਸ ਦੇ ਅਧਿਕਾਰੀਆਂ/ਏਜੰਟਾਂ ਆਦਿ ਨੂੰ ਕਿਸ਼ਤਾਂ ਦੇ ਸਬੰਧ ਵਿੱਚ ਕੋਈ ਭੁਗਤਾਨ ਜਾਂ ਹੋਰ ਹਲਾਤਾਂ ਵਿੱਚ ਕੋਈ ਭੁਗਤਾਨ ਨਾ ਕਰੋ।

1. ਮੈਂ ਪੀਏਸੀਐੱਲ ਦਾ ਗਾਹਕ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਮਿਤੀ 05.03.2016 ਦੇ ਸਮਾਜਕ ਨੋਟਿਸ ਦੇ ਮੁਤਾਬਕ ਪੀਏਸੀਐੱਲ ਦੇ ਗਾਹਕਾਂ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਮੂਲ ਦਸਤਾਵੇਜ਼ਾਂ ਨੂੰ ਆਪਣੇ ਕੋਲ ਰੱਖਣ। ਇਨ੍ਹਾਂ ਦਸਤਾਵੇਜ਼ਾਂ ਨੂੰ ਪੀਏਸੀਐੱਲ ਦੇ ਗਾਹਕਾਂ ਤੋਂ ਦਾਅਵਿਆਂ ਦਾ ਸੱਦਾ ਦੇਣ ਵਾਲੀ ਸਮਿਤੀ ਦੁਆਰਾ ਖਾਸ ਤੌਰ ਤੇ ਸੂਚਨਾ ਦਿੱਤੇ ਜਾਣ ਤੇ ਗਠਿਤ ਸਮਿਤੀ ਜਾਂ ਨਿਯੁਕਤ ਕੀਤੇ ਅਧਿਕਾਰੀ ਨੂੰ ਦੇਣਾ ਪੈ ਸਕਦਾ ਹੈ। ਰਿਫੰਡ ਦਾ ਦਾਅਵਾ ਕਰਨ ਲਈ ਮੂਲ ਦਸਤਾਵੇਜ਼ਾਂ ਨੂੰ ਜਮਾਂ ਕਰਨਾ ਲਾਜ਼ਮੀ ਹੈ ਜਿਨ੍ਹਾਂ ਤੋਂ ਬਿਨਾਂ ਕਿਸੇ ਵੀ ਰਿਫੰਡ ਦਾਅਵੇ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

2. ਮੈਨੂੰ ਰਿਫੰਡ ਲਈ ਆਪਣੀ ਅਰਜ਼ੀ ਨੂੰ ਕਿੱਥੇ ਭੇਜਣਾ ਚਾਹੀਦਾ ਹੈ?

ਜਵਾਬ: ਪੀਏਸੀਐੱਲ ਦੇ ਗਾਹਕਾਂ ਤੋਂ ਦਾਅਵਿਆਂ ਨੂੰ ਪੇਸ਼ ਕਰਨ ਲਈ ਸੇਬੀ/ਸਮਿਤੀ ਦੁਆਰਾ ਉਨ੍ਹਾਂ ਨੂੰ ਵਿਗਿਆਪਣਾਂ/ਸਮਾਜਕ ਨੋਟਿਸ ਆਦਿ ਦੇ ਜ਼ਰੀਏ ਸੂਚਿਤ ਕੀਤਾ ਜਾਵੇਗਾ। ਇਸ ਤਰ੍ਹਾਂ ਦੇ ਵਿਗਿਆਪਣ/ਸਮਾਜਕ ਨੋਟਿਸ ਤਕ, ਗਾਹਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਾਰੇ ਮੂਲ ਦਸਤਾਵੇਜ਼ਾਂ ਨੂੰ ਆਪਣੇ ਕੋਲ ਰੱਖਣ ਅਤੇ ਉਨ੍ਹਾਂ ਨੂੰ ਕਿਸੇ ਵੀ ਵਿਅਕਤੀ, ਏਜੰਟ ਆਦਿ ਦੇ ਨਾਲ ਸਾਂਝਾ ਨਾ ਕਰਨ, ਟ੍ਰਾਂਸਫਰ ਨਾ ਕਰਨ ਅਤੇ ਨਾ ਹੀ ਉਨ੍ਹਾਂ ਨੂੰ ਇਹ ਦਸਤਾਵੇਜ਼ ਦੇਣ।

3. ਰਿਫੰਡ ਦੀ ਅਰਜ਼ੀ ਨੂੰ ਮੈਨੂੰ ਕਦੋਂ ਅਤੇ ਕਿੱਥੇ ਭੇਜਣਾ ਚਾਹੀਦਾ ਹੈ?

ਜਵਾਬ: ਪੀਏਸੀਐੱਲ ਦੇ ਗਾਹਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਖਾਸ ਤੌਰ ਤੇ ਸੂਚਿਤ ਕੀਤੇ ਜਾਣ ਤੇ, ਦੱਸੇ ਜਾਣ ਦੇ ਮੁਤਾਬਕ ਜ਼ਰੂਰੀ ਦਸਤਾਵੇਜ਼ਾਂ ਦੇ ਨਾਲ ਰਿਫੰਡ ਦੀ ਅਰਜ਼ੀ (ਏਐੱਫਆਰ) ਨੂੰ ਵਿਗਿਆਪਣ/ਸਮਾਜਕ ਨੋਟਿਸ ਵਿੱਚ ਉੱਲੇਖਤ/ਦੱਸੇ ਗਏ ਪਤੇ/ਅਧਿਕਾਰੀ ਨੂੰ ਪੇਸ਼ ਕੀਤਾ ਜਾਣਾ ਚਾਹੀਦਾ ਹੈ।

4. ਸੇਬੀ ਦੁਆਰਾ ਪੀਏਸੀਐੱਲ ਲਿਮਿਟੇਡ ਦੇ ਗਾਹਕਾਂ ਤੋਂ ਦਾਅਵਿਆਂ ਨੂੰ ਕਦੋਂ ਸੱਦਾ ਦਿੱਤਾ ਜਾਵੇਗਾ?

ਜਵਾਬ: ਪੀਏਸੀਐੱਲ ਦੇ ਗਾਹਕਾਂ ਤੋਂ ਰਿਫੰਡ ਲਈ ਦਾਅਵਿਆਂ ਦੀਆਂ ਅਰਜ਼ੀਆਂ ਨੂੰ ਪੀਏਸੀਐੱਲ ਦੀ ਸੰਪੱਤੀ ਦੀ ਵਿਕਰੀ ਕਰ ਦਿੱਤੇ ਜਾਣ ਅਤੇ ਕਾਫੀ ਰਕਮ ਉਪਲਬਧ ਹੋਣ ਤੇ ਸੱਦਾ ਦਿੱਤਾ ਜਾਵੇਗਾ। ਸਮਿਤੀ ਦੁਆਰਾ ਨਿਰਦਿਸ਼ਟ ਫੋਰਮੈਟ ਵਿੱਚ ਵਾਪਸੀ ਲਈ ਅਰਜ਼ੀ ਪੇਸ਼ ਕਰਨ ਲਈ ਗਾਹਕਾਂ ਨੂੰ ਸੱਦਾ ਦਿੱਤਾ ਜਾਵੇਗਾ।

5. ਮੇਰੀ ਯੋਜਨਾ ਦੀ ਪਰਿਪੱਕਤਾ ਮਿਤੀ ਪਹਿਲਾਂ ਹੀ ਲੰਘ ਚੁੱਕੀ ਹੈ ਅਤੇ ਪੀਏਸੀਐੱਲ ਦੇ ਏਜੰਟ ਮੇਰੇ ਨਿਵੇਸ਼ ਲਈ ਵਿਕਲਪਿਕ ਇੰਸਟਰੁਮੈਂਟਸ/ਯੋਜਨਾ ਦੀ ਆਫਰ ਕਰਨ ਲਈ ਤਿਆਰ ਹਨ, ਕਿਰਪਾ ਕਰਕੇ ਸਲਾਹ ਦਿਓ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਇਹ ਸਲਾਹ ਦਿੱਤੀ ਜਾਂਦੀ ਹੈ ਕਿ ਮੂਲ ਦਸਤਾਵੇਜ਼ਾਂ ਨੂੰ ਆਪਣੇ ਕੋਲ ਰੱਖੇ ਰਹੋ ਅਤੇ ਪੁੱਛੇ ਜਾਣ ਤੇ, ਉਨ੍ਹਾਂ ਨੂੰ ਰਿਫੰਡ ਲਈ ਜਮਾਂ ਕਰੋ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਮੌਜੂਦਾ ਨਿਵੇਸ਼ ਨੂੰ ਉਨ੍ਹਾਂ ਦੀ ਕਿਸੇ ਹੋਰ ਸਕੀਮ ਵਿੱਚ ਬਦਲਣ ਜਾਂ ਸਵਿੱਚ ਕਰਨ ਲਈ ਕਿਸੇ ਵੀ ਵਿਅਕਤੀ, ਜਿਸ ਵਿੱਚ ਪੀਏਸੀਐੱਲ ਜਾਂ ਉਨ੍ਹਾਂ ਦੇ ਏਜੰਟ ਸ਼ਾਮਲ ਹਨ, ਦੇ ਦਬਾਵ ਵਿੱਚ ਨਾ ਆਵੇ। ਸਤਿਕਾਰਯੋਗ ਉੱਚ ਅਦਾਲਤ ਦੇ ਆਦੇਸ਼ ਦੇ ਮੁਤਾਬਕ ਸਮਿਤੀ ਨੂੰ ਪੀਏਸੀਐੱਲ ਦੀਆਂ ਸੰਪੱਤੀਆਂ ਦੀ ਵਿਕਰੀ ਕਰਨ ਤੋਂ ਬਾਅਦ ਪੀਏਸੀਐੱਲ ਲਿਮਿਟੇਡ ਦੇ ਵਾਸਤਵਿਕ ਨਿਵੇਸ਼ਕਾਂ ਨੂੰ ਰਿਫੰਡ ਦੇਣ ਦਾ ਕਾਰਜ ਸਪੁਰਦ ਕੀਤਾ ਗਿਆ ਹੈ। ਕਿਸੇ ਵਿਅਕਤੀ ਦੁਆਰਾ ਕਥਿਤ ਨਿਰਦੇਸ਼ ਤੋਂ ਹਟਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਸਤਿਕਾਰਯੋਗ ਉੱਚ ਅਦਾਲਤ ਦੇ ਆਦੇਸ਼ ਦੀ ਉਲੰਘਣਾ ਮੰਨਿਆ ਜਾਵੇਗਾ ਅਤੇ ਇਸ ਲਈ ਇਸ ਦੀ ਸਲਾਹ ਨਹੀਂ ਦਿੱਤੀ ਜਾਂਦੀ ਹੈ।

6. ਇਸ ਦੌਰਾਨ ਮੇਰੇ ਤੋਂ ਕੀ ਕਰਨ ਦੀ ਉਮੀਦ ਕੀਤੀ ਜਾਂਦੀ ਹੈ?

ਜਵਾਬ: ਤੁਹਾਨੂੰ ਸੇਬੀ/ਸਮਿਤੀ ਦੁਆਰਾ ਦਿੱਤੀ ਜਾਣ ਵਾਲੀ ਪ੍ਰੈਸ ਰਿਲੀਜ਼/ਵਿਗਿਆਪਣ ਆਦਿ ਲਈ ਅਖਬਾਰ ਆਦਿ ਨੂੰ ਦੇਖਦੇ ਰਹਿਣਾ ਚਾਹੀਦਾ ਹੈ। ਤੁਸੀਂ ਜਾਣਕਾਰੀ ਲਈ ਸੇਬੀ ਦੀ ਵੈੱਬਸਾਇਟ www.sebi.gov.in ਨੂੰ ਵੀ ਦੇਖ ਸਕਦੇ ਹੋ ਜਾਂ ਹੇਠਾਂ ਦਿੱਤੇ ਮੁਫਤ ਹੈਲਪਲਾਇਨ ਨੰਬਰਾਂ ਭਾਵ 1800 266 7575 ਜਾਂ 1800 22 7575 ਤੇ ਵੀ ਸੰਪਰਕ ਕਰ ਸਕਦੇ ਹੋ।